## ਪੰਜਾਬ ਵਿਧਾਨ ਸਭਾ ਸਕੱਤਰੇਤ

**ਸੋਮਵਾਰ, ਮਿਤੀ 08 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

### ਫਾਜਿਲਕਾ ਦੇ ਪਿੰਡ ਘੜੂੰਮੀ ਅਤੇ ਆਸ ਪਾਸ ਦੇ ਪਿੰਡਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣਾ

544. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਭਾਰਤ ਪਾਕਿ ਸਰਹੱਦ ਤੇ ਵਸੇ ਜਿਲ੍ਹਾ ਫਾਜਿਲਕਾ ਦੇ ਪਿੰਡ ਘੜੂੰਮੀ ਅਤੇ ਇਸ ਦੇ ਆਸ ਪਾਸ ਦੇ ਦਰਜਨਾਂ ਪਿੰਡਾਂ ਵਿੱਚ ਧਰਤੀ ਹੇਠਲਾ ਪਾਣੀ ਦੂਸ਼ਿਤ ਅਤੇ ਜਹਿਰੀਲਾ ਹੈ ਅਤੇ ਕਿਸੇ ਵੀ ਪਿੰਡ ਵਿੱਚ ਆਰ.ਓ.ਸਿਸਟਮ ਨਹੀ ਹੈ;

ਅ) ਕੀ ਇਹ ਵੀ ਠੀਕ ਕਿ ਪਿੰਡ ਘੜੂੰਮੀ ਵਿਖੇ ਤਿਆਰ ਕੀਤੇ ਗਏ ਵਾਟਰ ਵਰਕਸ ਨੂੰ ਜਾਅਲੀ ਤਰੀਕੇ ਨਾਲ ਪਾਸ ਕੀਤਾ ਗਿਆ ਹੈ ਅਤੇ ਇਸ ਦੀ ਟੈਂਕੀ ਲੀਕ ਹੁੰਦੀ ਹੈ, ਬੋਰ ਵਿਚਲਾ ਪਾਣੀ ਇੰਨਾ ਜਹਿਰੀਲਾ ਹੈ ਕਿ ਪਸ਼ੂ ਤੱਕ ਵੀ ਨਹੀਂ ਪੀਂਦੇ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਦੇ ਲਈ ਕਿਹੜੇ ਕਿਹੜੇ ਅਧਿਕਾਰੀ ਜਿੰਮੇਵਾਰ ਹਨ ਅਤੇ ਪੰਜਾਬ ਸਰਕਾਰ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਕੀ ਕਦਮ ਉਠਾ ਰਹੀ ਹੈ?

### ਕਿਸਾਨਾਂ ਦੀ ਕਰਜ਼ਾ ਮੁਆਫੀ

545. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਪਹਿਲੇ ਬਜਟ ਵਿੱਚ 10.25 ਲੱਖ ਕਿਸਾਨਾਂ ਦੇ ਪਹਿਲੀ ਕਿਸਤ ਵਜੋਂ 9500 ਕਰੋੜ ਰੁਪਏ ਮੁਆਫ ਕਰਨ ਦਾ ਐਲਾਨ ਕੀਤਾ ਸੀ;

ਅ) ਕੀ ਇਹ ਵੀ ਠੀਕ ਕਿ ਹੁਣ ਤੱਕ ਸਿਰਫ 4700 ਕਰੋੜ ਰੁਪਏ ਦੀ ਮੁਆਫੀ ਮਿਲੀ ਹੈ, ਜਿਸ ਵਿੱਚੋਂ 1800 ਕਰੋੜ ਰੁਪਏ ਦੀ ਰਾਹਤ ਅਜੇ ਵੀ ਕਿਸਾਨਾਂ ਤੱਕ ਪੁਜਣੀ ਰਹਿੰਦੀ ਹੈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੈ ਤਾਂ ਕਿਸਾਨਾਂ ਨੂੰ ਪਹਿਲੀ ਮੁਕੰਮਲ ਕਿਸ਼ਤ ਅਤੇ ਬਾਕੀ ਰਹਿੰਦੇ ਕਰਜੇ ਦੀ ਮੁਆਫੀ ਕਦੋਂ ਤੱਕ ਕੀਤੀ ਜਾਵੇਗੀ?

### ਪੰਜਾਬ ਦੇ IAS ਅਧਿਕਾਰੀਆਂ ਨੂੰ P.A. ਐਟ ਹੋਮ ਰੱਖਣ ਲਈ ਪ੍ਰਵਾਨਗੀ

546. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਤਾਜਾ ਹੁਕਮਾਂ ਅਨੁਸਾਰ ਆਈ.ਏ.ਐਸ ਅਧਿਕਾਰੀਆਂ ਨੂੰ ਪ੍ਰਾਈਵੇਟ ਸਹਾਇਕ ਐਟ ਹੋਮ ਰੱਖਣ ਲਈ ਪ੍ਰਵਾਨਗੀ ਦਿੱਤੀ ਹੈ ਜਿਸ ਨਾਲ 2.25 ਕਰੋੜ ਰੁਪਏ ਸਲਾਨਾ ਖਜਾਨੇ ਤੇ ਬੋਝ ਪਵੇਗਾ;

ਅ) ਕੀ ਇਹ ਵੀ ਠੀਕ ਕਿ ਪ੍ਰਾਈਵੇਟ ਸਹਾਇਕ ਐਟ ਹੋਮ ਰੱਖਣ ਲਈ ਕੋਈ ਸ਼ਰਤ ਨਿਯਮ ਅਤੇ ਯੋਗਤਾ ਤਹਿ ਨਹੀਂ ਕੀਤੀ ਗਈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਪ੍ਰਾਈਵੇਟ ਸਹਾਇਕ ਐਟ ਹੋਮ ਰੱਖਣ ਪਿੱਛੇ ਕੀ ਕਾਰਨ ਹੈ ਜਿਸ ਕਰਕੇ ਖਜਾਨੇ ਤੇ ਵਾਧੂ ਬੋਝ ਪਾਇਆ ਜਾ ਰਿਹਾ ਹੈ?

### ਐਸ.ਸੀ. ਵਿਦਿਆਰਥੀਆਂ ਨੂੰ ਵਜ਼ੀਫਾ ਰਾਸ਼ੀ ਦੇਣਾ

547.
1. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ)**
2. **ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ)**
3. **ਸ਼੍ਰੀ. ਬੁੱਧ ਰਾਮ, ਐਮ.ਐਲ.ਏ):-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬਾ ਸਰਕਾਰ ਦੁਆਰਾ ਪੰਜਾਬ ਦੇ ਐਸ.ਸੀ. ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ ਅਤੇ ਪੋਸਟ-ਮੈਟ੍ਰਿਕ ਵਜ਼ੀਫਾ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਸਾਲ 2017 ਤੋਂ 2020 ਤੱਕ ਸਰਕਾਰ ਦੁਆਰਾ ਵਜੀਫੇ ਦੀ ਕਿੰਨੀ ਰਕਮ ਜਾਰੀ ਕੀਤੀ ਗਈ ਅਤੇ ਕਿੰਨੇ ਐਸ.ਸੀ. ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫੇ ਦੀ ਅਦਾਇਗੀ ਕਰਨੀ ਰਹਿੰਦੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਵਿੱਚ ਦਲਿਤਾਂ ਅਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਰਾਸ਼ੀ ਸਾਲ 2016-17 ਤੋਂ ਹੁਣ ਤੱਕ ਜੋ ਕਰੀਬ 2400 ਕਰੋੜ ਰੁਪਏ ਬਣਦੀ ਹੈ, ਪੰਜਾਬ ਸਰਕਾਰ ਵੱਲੋਂ ਜਾਰੀ ਨਹੀਂ ਕੀਤੀ ਗਈ;

ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਰਾਸ਼ੀ ਦੇ ਜਾਰੀ ਨਾ ਕਰਨ ਨਾਲ ਪ੍ਰਭਾਵਿਤ ਹੋਣ ਵਾਲੇ ਵਿਦਿਆਰਥੀਆਂ ਦੀ ਫੀਸ ਦੀ ਪੂਰਤੀ ਕਿਸ ਤਰ੍ਹਾਂ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਇਹ ਰਾਸ਼ੀ ਕਦੋਂ ਜਾਰੀ ਕਰ ਦੇਵੇਗੀ?

### ਲੈਕਚਰਾਰਾਂ ਨੂੰ ਏ.ਸੀ.ਪੀ. ਦਾ ਲਾਭ ਦੇਣਾ

589. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਏ ਸੀ ਪੀ ਦਾ ਲਾਭ ਦੇਣ ਲਈ ਅਧਿਕਾਰੀਆਂ ਦੀਆਂ ਗੁਪਤ ਰਿਪੋਰਟਾਂ ਸਬੰਧੀ ਕੀ ਨਿਯਮ ਹਨ;

ਅ) ਕੀ ਇਹ ਠੀਕ ਹੈ ਕਿ ਸਨ 2017 ਅਤੇ 2018 ਵਿੱਚ ਭਰਤੀ ਹੋਏ ਲੈਕਚਰਾਰਾਂ ਉੱਪਰ ਪਰਖ ਕਾਲ ਦੇ ਸਮੇਂ ਦੌਰਾਨ ਮੁੱਢਲੀ ਤਨਖਾਹ ਵਾਲੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਏ.ਸੀ.ਪੀ ਦਾ ਲਾਭ ਦੇਣ ਲਈ ਕਿਸ ਮਿਤੀ ਤੋਂ ਸਰਵਿਸ ਦਾ ਸਮਾਂ ਗਿਣਿਆ ਜਾਵੇਗਾ?

### ਸਰਕਾਰੀ ਬਹੁਤਨੀਕੀ ਕਾਲਜਾਂ ਦੀ ਰੈਸ਼ਨਲਾਈਜੇਸ਼ਨ ਦੌਰਾਨ ਅਸਾਮੀਆਂ ਦੀ ਸਿਰਜਣਾ

590. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰੀ ਬਹੁਤਕਨੀਕੀ ਕਾਲਜਾਂ ਦੇ ਵੱਖ-ਵੱਖ ਵਿਭਾਗਾਂ ਵਿੱਚ ਆਖਰੀ ਵਾਰ ਰੈਸ਼ਨਲਾਈਜੇਸ਼ਨ ਕਦੋਂ ਹੋਈ ਸੀ ਅਤੇ ਇਸ ਦੌਰਾਨ ਕਿਹੜੀਆਂ-ਕਿਹੜੀਆਂ ਅਸਾਮੀਆਂ ਦੀ ਕਿੱਥੇ-ਕਿੱਥੇ, ਸਿਰਜਣਾ ਹੋਈ, ਅਸਾਮੀਆਂ ਸ਼ਿਫਟ ਕੀਤੀਆਂ ਗਈਆਂ ਜਾਂ ਖਤਮ ਕੀਤੀਆਂ ਗਈਆਂ ਅਤੇ ਕੀ ਕੋਈ ਅੰਤਰ ਵਿਭਾਗੀ ਜਾਂ ਅੰਤਰ ਕਾਲਜ ਅਸਾਮੀਆਂ ਦੀ ਸ਼ਿਫਟਿੰਗ ਹੋਈ ਹੈ; ਜੇਕਰ ਹੈ ਤਾਂ ਇਸ ਸਬੰਧੀ ਵੇਰਵੇ ਕੀ ਹਨ;

ਅ) ਅਧਿਆਪਨ ਅਮਲੇ ਤੋਂ ਕਿਹੜੇ-ਕਿਹੜੇ ਗੈਰ ਅਧਿਆਪਨ ਕੰਮ ਲਏ ਜਾ ਰਹੇ ਹਨ?

### ਪੰਜਾਬ ਲੋਕ ਸੇਵਾ ਆਯੋਗ ਦੁਆਰਾ ਭਰਤੀ ਦਾ ਵਿਗਿਆਪਨ ਵਾਪਿਸ ਲੈਣਾ

591. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਲੋਕ ਸੇਵਾ ਆਯੋਗ ਦੁਆਰਾ ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਲੈਕਚਰਾਰਾਂ ਦੀਆਂ 105 ਅਸਾਮੀਆਂ ਲਈ ਭਰਤੀ ਦਾ ਵਿਗਿਆਪਨ ਦੇ ਕੇ ਵਾਪਸ ਲੈ ਲਿਆ ਗਿਆ ਹੈ; ਜੇਕਰ ਅਜਿਹਾ ਹੈ ਤਾਂ ਇਹ ਵਿਗਿਆਪਨ ਵਾਪਸ ਲੈਣ ਦੇ ਕੀ ਕਾਰਨ ਹਨ?

**ਪਰਤੋਂ ਜੀ.....**

**ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੇ ਵਿਦਿਆਰਥੀਆਂ ਲਈ ਖੇਡ ਸਟੇਡੀਅਮ ਦਾ ਪ੍ਰਬੰਧ**

592. ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੇ ਖੇਡ ਮੈਦਾਨ ਵਿੱਚ ਹਾਕੀ ਦਾ ਸਟੇਡੀਅਮ ਬਣਾ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਾਲਜ ਦੇ ਵਿਦਿਆਰਥੀਆਂ ਲਈ ਖੇਡ ਦੇ ਮੈਦਾਨ ਦਾ ਕੀ ਪ੍ਰਬੰਧ ਕੀਤਾ ਗਿਆ ਹੈ?

**ਹਲਕਾ ਬੁਢਲਾਡਾ ਦੇ ਨੌਜਵਾਨਾਂ ਨੂੰ ਜਿੰਮਾਂ ਦੇਣੀਆਂ**

610. ਸ਼੍ਰੀ ਬੁੱਧ ਰਾਮ,ਐਮ.ਐਲ.ਏ.:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੁਢਲਾਡਾ ਵਿੱਚ ਨੌਜਵਾਨਾਂ ਨੂੰ ਨਸ਼ਿਆ ਤੋਂ ਦੂਰ ਕਰਨ ਲਈ ਅਤੇ ਉਹਨਾਂ ਨੂੰ ਖੇਡਾਂ ਨਾਲ ਜੋੜਨ ਲਈ ਪਿੰਡਾਂ/ਸ਼ਹਿਰਾਂ ਵਿੱਚ ਜਿੰਮ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਜ਼ਿਲ੍ਹਾ ਮਾਨਸਾ ਵਿਖੇ ਪਟਵਾਰੀਆਂ ਅਤੇ ਕਨੂੰਗੋਆਂ ਦੀਆ ਖਾਲੀ ਪੋਸਟਾਂ**

611. ਸ਼੍ਰੀ ਬੁੱਧ ਰਾਮ,ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲਾ ਮਾਨਸਾ ਵਿੱਚ ਵੱਡੀ ਪੱਧਰ ਤੇ ਪਟਵਾਰੀਆਂ ਅਤੇ ਕਾਨੂੰਨਗੋਆਂ ਦੀ ਅਸਾਮੀਆਂ ਖਾਲੀ ਹਨ; ਜੇਕਰ ਅਜਿਹਾ ਹੋਵੇ ਤਾਂ ਕ੍ਰਮਵਾਰ ਮਾਨਸਾ ਵਿੱਚ ਕਿੰਨੀਆਂ ਅਸਾਮੀਆਂ ਖਾਲੀ ਹਨ;

ਅ) ਇਹ ਕਦੋਂ ਤੱਕ ਭਰਨ ਦੀ ਤਜਵੀਜ ਹੈ?

**ਬੁਢਲਾਡਾ ਦੇ ਪਿੰਡਾਂ ਦੀਆਂ ਡਿਸਪੈਂਸਰੀਆਂ ਦੀ ਮੁਰੰਮਤ ਕਰਵਾਉਣਾ**

612. ਸ਼੍ਰੀ ਬੁੱਧ ਰਾਮ,ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਪਿੰਡਾਂ ਦੀਆਂ ਡਿਸਪੈਂਸਰੀਆਂ ਦੀ ਹਾਲਤ ਬਹੁਤ ਖਸਤਾ ਹੈ, ਛੱਤਾਂ ਅਤੇ ਦਰਵਾਜ਼ੇ ਖਤਮ ਵਰਗੀ ਹਾਲਤ ਵਿੱਚ ਹਨ;

ਅ) ਜੇਕਰ ਅਜਿਹਾ ਹੈ ਤਾਂ ਇਹਨਾਂ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਪਿੰਡ ਬੋੜਾਵਾਲ ਅਤੇ ਗੁੜਦੀ ਨੂੰ ਥਾਣਾ ਬੁਢਲਾਡਾ ਵਿੱਚ ਮਿਲਾਉਣਾ**

613. ਸ਼੍ਰੀ ਬੁੱਧ ਰਾਮ,ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਦੇ ਪਿੰਡ ਬੋੜਾਵਾਲ, ਗੁੜਦੀ ਨੂੰ ਥਾਣਾ ਭੀਖੀ ਲੱਗਦਾ ਹੈ ਜਦੋਂ ਕਿ ਇਹ ਪਿੰਡ ਹਲਕਾ ਅਤੇ ਸਬ ਡਵੀਜਨ ਬੁਢਲਾਡਾ ਵਿੱਚ ਪੈਂਦੇ ਹਨ;

ਅ) ਕੀ ਪਿੰਡ ਬੋੜਾਵਾਲ ਅਤੇ ਗੁੜੱਦੀ ਨੂੰ ਥਾਣਾ ਬੁਢਲਾਡਾ ਵਿੱਚ ਮਿਲਾਉਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਵਲੋਂ ਕੀਤੇ ਘਪਲਿਆਂ ਤੇ ਕਾਰਵਾਈ**

638. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ:-ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਜ਼ਿਲ੍ਹਾ ਤਰਨਤਾਰਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਵੱਲੋਂ ਮਈ 2011 ਤੋਂ ਦਸੰਬਰ 2017 ਤੱਕ ਕੀਤੇ ਗਏ ਵਿੱਤੀ ਘਪਲਿਆਂ ਸੰਬੰਧੀ ਕਾਰਵਾਈ ਕਰਨ ਲਈ ਸਰਕਾਰ ਨੂੰ ਕਾਲਜ ਦੇ ਅਧਿਆਪਕਾਂ ਵੱਲੋਂ ਬੇਨਤੀ ਕੀਤੀ ਗਈ ਸੀ; ਜੇਕਰ ਅਜਿਹਾ ਹੈ ਤਾਂ ਕੀ ਅਧਿਆਪਕਾਂ ਦੀ ਬੇਨਤੀ ਉਤੇ ਧਿਆਨ ਦਿੰਦੇ ਹੋਏ ਉਕਤ ਘਪਲੇ ਸਬੰਧੀ ਕੋਈ ਵਿਭਾਗੀ/ਵਿਜੀਲੈਂਸ ਜਾਂਚ ਕਰਵਾਈ ਗਈ ਹੈ;

ਅ) ਕੀ ਇਹ ਵੀ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਜ਼ਿਲ੍ਹਾ ਤਰਨਤਾਰਨ ਵਿਖੇ ਪ੍ਰਬੰਧਕੀ ਕਮੇਟੀ ਵੱਲੋਂ ਸਟਾਫ ਨੂੰ ਦਿੱਤੇ ਜਾਂਦੇ ਡੀ.ਏ. ਸੰਬੰਧੀ ਕੋਈ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਪ੍ਰਬੰਧਕਾਂ ਤੇ ਕੀ ਕਾਰਵਾਈ ਕੀਤੀ ਗਈ ਹੈ?

**ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੇ ਪ੍ਰਬੰਧਕੀ ਸਟਾਫ ਵੱਲੋਂ ਤੁੜਵਾਈਆਂ/ਕਾਰਵਾਈਆਂ ਐਫ.ਡੀ.ਆਰਜ਼**

639. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ:-ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਜ਼ਿਲ੍ਹਾ ਤਰਨਤਾਰਨ ਦੇ ਬੈਂਕ ਖਾਤਿਆਂ ਵਿੱਚੋਂ ਕਾਲਜ ਪ੍ਰਬੰਧਕੀ ਕਮੇਟੀ ਵੱਲੋਂ ਜਨਵਰੀ 2011 ਤੋਂ ਦਸੰਬਰ 2020 ਤੱਕ ਕਿੰਨੀਆਂ ਐਫ.ਡੀ.ਆਰਜ਼ ਬਣਾਈਆਂ ਅਤੇ ਤੁੜਵਾਈਆਂ ਗਈਆਂ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਹਲਕਾ ਜਗਰਾਓਂ ਵਿੱਚ ਪੈਂਦੇ ਪਿੰਡ ਮੱਲਾ ਦੀ ਮੁਰਬੇਬੰਦੀ ਕਰਨਾ**

660. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਓ ਵਿੱਚ ਪੈਂਦੇ ਪਿੰਡ ਮੱਲਾ ਦੀ ਅਜਾਦੀ ਤੋਂ ਬਾਅਦ ਅੱਜ ਤੱਕ ਮੁਰਬੇ ਬੰਦੀ ਨਹੀਂ ਹੋਈ ਜਿਸ ਕਰਕੇ ਪਿੰਡ ਵਾਸੀ ਸਰਕਾਰੀ ਸਹੂਲਤਾ ਤੋਂ ਵਾਜੇਂ ਰਹਿ ਜਾਂਦੇ ਹਨ; ਜੇਕਰ ਅਜਿਹਾ ਹੈ ਤਾਂ ਸਰਕਾਰ ਨੇ ਹੁੱਣ ਤੱਕ ਇਸ ਕੰਮ ਨੂੰ ਸਿਰੇ ਲਗਾਉਣ ਲਈ ਕੀ ਉਪਰਾਲੇ ਕੀਤੇ ਹਨ?

**ਜਗਰਾਓਂ ਦੇ ਆਂਗਣਵਾੜੀ ਸਕੂਲਾਂ ਦੀ ਗਿਣਤੀ**

661. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:- ਕੀ ਸਮਾਜਿਕ ਸੁਰਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬਹੁਤ ਸਾਰੇ ਆਂਗਣਵਾੜੀ ਸਕੂਲਾਂ ਵਿੱਚ ਬੱਚਿਆਂ ਦੇ ਬੈਠਣ ਲਈ ਬੈਂਚ, ਕੋਈ ਬਾਥਰੂਮ ਅਤੇ ਟਾਇਲਟ ਦੀ ਸਹੂਲਤ ਨਹੀਂ ਹੈ;

ਅ) ਕੀ ਇਹ ਵੀ ਠੀਕ ਹੈ ਕਿ ਜਗਰਾਓਂ ਹਲਕੇ ਦੇ ਬਹੁਤ ਸਾਰੇ ਆਂਗਣਵਾੜੀ ਸਕੂਲ ਬਿਨ੍ਹਾਂ ਪੱਖੇ ਅਤੇ ਲਾਈਟਾਂ ਤੋਂ ਹਨ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਸਮੇ ਤੱਕ ਬੱਚਿਆਂ ਨੂੰ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ;

ੲ) ਜਗਰਾਓਂ ਦੇ ਸਾਰੇ ਆਂਗਣਵਾੜੀ ਸਕੂਲਾਂ ਦੀ ਤਰਤੀਬ-ਬਾਰ ਲਿਸਟ ਮੁਹੱਈਆ ਕਰਵਾਈ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਕਿਹੜੇ ਆਂਗਣਵਾੜੀ ਸਕੂਲਾਂ ਵਿੱਚ ਕਿਹੜੀ ਮੁਢਲੀ ਸਹੂਲਤ ਹੈ?

**ਜਗਰਾਓਂ ਨੂੰ ਜ਼ਿਲ੍ਹਾ ਬਣਾਉਣਾ**

662. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਸੈਸ਼ਨ 2018 ਵਿੱਚ ਜਗਰਾਓਂ ਨੂੰ ਜਿਲ੍ਹਾ ਬਣਾਉਣ ਲਈ ਸਰਕਾਰ ਨੇ ਪੀ.ਐਸ.ਸਾਰੋਂ ਕਮਿਸ਼ਨ ਬਿਠਾਇਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਕਮਿਸ਼ਨ ਨੇ ਹੁਣ ਤੱਕ ਕੀ ਕਾਰਵਾਈ ਕੀਤੀ ਹੈ ਅਤੇ ਇੱਕ ਹਲਕੇ ਨੂੰ ਜਿਲ੍ਹਾ ਬਣਾਉਣ ਲਈ ਕਿਹੜੀਆਂ-ਕਿਹੜੀਆਂ ਸ਼ਰਤਾਂ ਜਰੂਰੀ ਹਨ?

**ਜਗਰਾਓਂ ਤੋਂ ਰਾਏਕੋਟ ਨੂੰ ਜੋੜਦੇ ਪੁੱਲ ਦੀ ਨਵ ਉਸਾਰੀ ਕਰਨਾ**

663. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਓਂ ਤੋਂ ਰਾਏਕੋਟ ਸੜਕ ਤੇ ਪੈਂਦੇ ਪਿੰਡ ਅਖਾੜਾ ਜਿਲ੍ਹਾ ਲੁਧਿਆਣਾ ਵਿਖੇ ਅਬੋਹਰ ਬ੍ਰਾਂਚ ਦਾ ਨਹਿਰ ਉੱਤੇ ਜੋੜਦੇ ਪੁਲ ਦੀ ਹਾਲਤ ਬਹੁਤ ਖਸਤਾ ਹੈ ਅਤੇ ਕਿਸੇ ਸਮੇਂ ਵੀ ਪੁੱਲ ਡਿੱਗਣ ਨਾਲ ਕੋਈ ਵੱਡੀ ਘਟਨਾ ਵਾਪਰ ਸਕਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪੁੱਲ ਦੀ ਨਵਉਸਾਰੀ ਕਦੋਂ ਤੱਕ ਕਰਨ ਦੀ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

ਚੰਡੀਗੜ੍ਹ
ਮਿਤੀ 05 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।